**Exam. Code : 105403**
**Subject Code : 1404**

## Bachelor in Business Administration (BBA) 3rd Semester

## MUDHLI PUNJABI

## Paper–BBA-302 (ii)

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਜ਼ਰੂਰੀ ਹਨ।

1. (ੳ) ਕਿਰਿਆ ਵਾਕੰਸ਼ ਤੋਂ ਕੀ ਭਾਵ ਹੈ ? ਇਸਦੀਆਂ ਕਿਸਮਾਂ ਉਦਾਹਰਣਾਂ ਦੇ ਕੇ ਸਪਸ਼ਟ ਕਰੋ। 5

(ਅ) ਉਪਵਾਕ ਤੋਂ ਕੀ ਭਾਵ ਹੈ ? ਉਦਾਹਰਣਾਂ ਸਹਿਤ ਲਿਖੋ। 5

http://www.gnduonline.com

(ੲ) ਹੇਠ ਲਿਖੇ ਸ਼ਬਦਾਂ ਦੀ ਸ਼੍ਰੇਣੀ ਦੱਸੋ :

(1) ਅੰਮ੍ਰਿਤਸਰ

(2) ਉਹ

(3) ਹਰਾ

(4) ਤੁਸੀਂ

(5) ਫੁੱਲ। 5

(ਸ) ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰੋ :

(1) ਕਿਤਾਬ

(2) ਘਰ

(3) ਅਸਮਾਨ

(4) ਕੁਰਸੀ

(5) ਬਗੀਚਾ। 5



2. (ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ ਪੈਰ੍ਹਾ ਰਚਨਾ ਕਰੋ :

(1) ਇੰਟਰਨੈੱਟ

(2) ਲਾਇਬ੍ਰੇਰੀ। 5

(ਅ) ਕਾਲਜ ਪ੍ਰਿੰਸੀਪਲ ਨੂੰ ਅਸਿਸਟੈਂਟ ਪ੍ਰੋਫੈਸਰ ਦੀ ਆਸਾਮੀ ਲਈ ਬਿਨੈ-ਪੱਤਰ ਲਿਖੋ। 5

(ੲ) ਹੇਠ ਲਿਖੇ ਅਖਾਣ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ : ਉਸਤਾਦੀ ਕਰਨੀ, ਅੱਖਾਂ ਫੇਰ ਲੈਣਾ, ਈਨ ਮੰਨਣਾ, ਹੱਥ ਪੀਲੇ ਕਰਨੇ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਇੱਕ ਅਨਾਰ ਸੌ ਬਿਮਾਰ, ਕਦੇ ਬਾਬੇ ਦੀਆਂ ਕਦੇ ਪੋਤੇ ਦੀਆਂ। 5

3. ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

ਜ਼ਿੰਦਗੀ ਦਾ ਆਦਰਸ਼ ਰੂਹਾਨੀ ਤੇ ਸਰੀਰਕ ਪੂਰਨਤਾ ਹੋਣਾ ਚਾਹੀਦਾ ਹੈ। ਇਸ ਦਾ ਭਾਵ ਇਹ ਹੈ ਕਿ ਮੁੱਦਤਾਂ ਤੱਕ ਸਰੀਰ ਜਵਾਨ ਹੋ ਕੇ ਪੂਰੇ ਜੋਬਨ ਉੱਤੇ ਪਹੁੰਚਣ ਤੋਂ ਬਾਅਦ ਚੁਸਤ ਤੇ ਤਕੜੀ ਸਿਹਤ ਵਿੱਚ ਰਹੇ। ਸਾਰੇ ਅੰਗ ਚੰਗੀ ਤਰ੍ਹਾਂ ਕੰਮ ਕਰਦੇ ਰਹਿਣ ਅਤੇ ਜ਼ਿੰਦਗੀ ਅੰਤਲੇ ਸਮੇਂ ਤੱਕ ਧੜਕਦੀ ਰਹੇ। ਮੌਤ ਕੋਲੋਂ ਡਰਨ ਦੀ ਬਜਾਏ ਮੌਤ ਦਾ ਚਾਅ ਚੜ੍ਹ ਜਾਏ। ਇਸ ਪ੍ਰਕਾਰ ਮੌਤ ਦੁਖਦਾਇਕ ਨਹੀਂ ਰਹੇਗੀ ਸਗੋਂ ਸਹਿਜ ਬਣ ਜਾਏਗੀ।

(ੳ) ਸਰੀਰਕ ਪੂਰਨਤਾ ਤੋਂ ਕੀ ਭਾਵ ਹੈ ?

(ਅ) ਮੌਤ ਦੇ ਡਰ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?

(ੲ) ਜ਼ਿੰਦਗੀ ਧੜਕਣ ਤੋਂ ਕੀ ਭਾਵ ਹੈ ?

(ਸ) ਸਹਿਜ ਤੋਂ ਕੀ ਭਾਵ ਹੈ ?

(ਹ) ਇਸ ਪੈਰ੍ਹੇ ਦਾ ਸਿਰਲੇਖ ਲਿਖੋ। 5



Download all NOTES and PAPERS at StudentSuvidha.com

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਸਿਰਲੇਖ ਵੀ ਦਿਉ :

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। 'ਘਰ' ਤੋਂ ਭਾਵ ਉਹ ਥਾਂ ਹੈ, ਜਿਥੇ ਮਨੁੱਖ ਦਾ ਪਿਆਰ ਤੇ ਸਧਰਾਂ ਪਲਦੀਆਂ ਹਨ, ਜਿਥੇ ਬਾਲਪਣ ਵਿੱਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ ਕੇ, ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ, ਜਿਥੇ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉਂ ਸਵਾਦ ਆਉਂਦਾ ਹੈ ਜਿਵੇਂ ਬਾਲਪਣ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। 5

5. ਹੇਠ ਲਿਖੀ ਵਾਰਤਾਲਾਪ ਨੂੰ ਅਸਲ ਵਾਰਤਕ ਵਿੱਚ ਲਿਖੋ :

ਕੌਰਾਂ : ਸੱਚ ਇਹ ਕੀ ਭੈੜਾ ਰਿਵਾਜ ਪੈਂਦਾ ਜਾਂਦਾ ਹੈ, ਲੋਕੀਂ ਹੁਣ ਕੁੜੀਆਂ ਨੂੰ ਵੱਡਾ ਕਰਕੇ ਵਿਆਉਂਦੇ ਨੇ।

ਬੁੱਢੀ : ਬੁੱਢੀਆਂ ਦਾ ਕੋਈ ਦੋਸ਼ ਨਹੀਂ, ਇਸ ਸਾਰਾ ਕੀਤਾ ਤਾਂ ਮਰਦਾਂ ਦੇ ਸਿਰ ਵਿੱਚ ਏ।

ਕੌਰਾਂ : ਪਿਛਲਿਆਂ ਜ਼ਮਾਨਿਆਂ ਵਿੱਚ ਕੁੜੀ ਪੰਜਵਾਂ ਟੱਪਦੀ ਨਹੀਂ ਸੀ ਤੇ ਉਹਦਾ ਵਿਆਹ ਕਰ ਦਿੰਦੇ ਸਨ। ਲੈ ਮੈਨੂੰ ਆਪਣੇ ਵਿਆਹ ਦੀ ਕੋਈ ਸਾਰ ਹੀ ਨਹੀਂ ਕਦੋਂ ਹੋਇਆ। 5


Download all NOTES and PAPERS at StudentSuvidha.com